# ਕਬਿ ਕਲ ਸੁਜਸੁ ਗਾਵਉ ਗੁਰ ਨਾਨਕ-੪

ਪਿਛਲੇ ਤਿੰਨ ਅੰਕ ਜੋੜ ਕੇ ਪੜ੍ਹੋ ਜੀ। ਇਹ, 'ਸਵਈਏ ਮਹਲੇ ਪਹਿਲੇ ਕੇ' ਬਾਣੀ ਵਿਚ ਅਗਲੇ, ਸਤਵੇਂ ਸਵਈਏ ਦੀ ਵਿਆਖਿਆ ਹੈ। ਇਹ, ਪੰਨਾ ੧੩੯੦ ਤੇ ਸੁਭਾਇਮਾਨ ਹੈ। ਇਸ ਵਿਚ, ਸ੍ਰੀ ਗੁਰੂ ਨਾਨਕ ਸਾਹਿਬ ਨੂੰ ਸੰਬੋਧਨ ਕਰ ਕੇ, ਉਨ੍ਹਾਂ ਦੇ ਗੁਣ ਗਾਏ ਜਾ ਰਹੇ ਹਨ :

**ਸਤਜੁਗ ਤੈ ਮਾਣਿਓ ਛਲਿਓ ਬਲਿ ਬਾਵਨ ਭਾਇਓ॥**

-- ਕਵੀ ਕਲਸਹਾਰ ਜੀ ਸ੍ਰੀ ਗੁਰੂ ਨਾਨਕ ਸਾਹਿਬ ਨੂੰ ਸੰਬੋਧਨ ਕਰਦੇ ਹਨ, 'ਹੇ ਗੁਰੂ ਨਾਨਕ ! ਤੂੰ ਸਤਜੁਗ ਨੂੰ ਮਾਣਿਆ, ਬਾਵਨ ਰੂਪ ਧਾਰ ਕੇ ਰਾਜੇ ਬਲ ਨੂੰ ਛਲਣਾ ਤੈਨੂੰ ਚੰਗਾ ਲਗਿਆ।'

ਇਹ ਇਸ਼ਾਰਾ ਹੈ ਉਸ ਸਾਖੀ ਵਲ ਜਦੋਂ ਪਾਤਸ਼ਾਹ ਨੇ ਬਾਵਨ (ਬੌਨਾ) ਅਵਤਾਰ ਧਾਰ ਕੇ, ਬਲ ਰਾਜੇ ਦਾ ਇਮਤਿਹਾਨ ਲਿਆ ਸੀ ਅਤੇ ਫ਼ਿਰ ਉਸ ਨੂੰ ਅਭੈ ਦਾਨ ਦੇ ਦਿਤਾ ਅਤੇ ਹਮੇਸ਼ਾਂ ਉਸ ਨਾਲ ਰਹਿਣ ਦਾ ਬਚਨ ਵੀ ਕੀਤਾ ਜੋ ਭਗਤ ਨਾਮਦੇਵ ਜੀ ਦੀ ਬਾਣੀ ਵਿਚ ਇਉਂ ਅੰਕਤ ਹੈ ਕਿ ਉਹ ਕੇਸ਼ਵ, ਹਮੇਸ਼ਾਂ ਭਗਤਾਂ ਦੇ ਵਸ ਵਿਚ ਹੋ ਜਾਂਦਾ ਹੈ, ਤਾਂ ਹੀ ਤਾਂ ਬਚਨ ਦੇ ਦੇਣ ਕਰ ਕੇ, ਉਹ ਅਜ ਵੀ ਬਲ ਰਾਜੇ ਦੇ ਦੁਆਰ ਤੇ ਖਲੋਂਦਾ ਹੈ, ਜਿਥੇ ਵੀ ਉਹ ਅਜ ਹੋਵੇ - 'ਨਾਮਾ ਕਹੈ ਭਗਤਿ ਬਸਿ ਕੇਸਵ ਅਜਹੂੰ ਬਲਿ ਕੇ ਦੁਆਰ ਖਰੋ॥', ਪੰਨਾ ੧੧੦੫.

ਸ੍ਰੀ ਗੁਰੂ ਅਰਜਨ ਸਾਹਿਬ ਨੇ ਬਹੁਤ ਹੀ ਸਪੱਸ਼ਟ ਗਵਾਹੀ ਭਰਦਿਆਂ, 'ਬਾਵਨ' ਰੂਪ ਨੂੰ ਕਰਤਾ ਪ੍ਰਭੂ ਦਾ ਹੀ ਰੂਪ ਅਤੇ '**ਸਭ ਤੋਂ ਉਤਮ**' ਫ਼ੁਰਮਾਇਆ - 'ਬਾਵਨ ਰੂਪੁ ਕੀਆ ਤੁਧੁ ਕਰਤੇ ਸਭ ਹੀ ਸੇਤੀ ਹੈ ਚੰਗਾ॥', ਪੰਨਾ ੧੦੮੨.

**ਤ੍ਰੇਤੈ ਤੈ ਮਾਣਿਓ ਰਾਮੁ ਰਘੁਵੰਸੁ ਕਹਾਇਓ॥**

-- 'ਹੇ ਗੁਰੂ ਨਾਨਕ ! ਤ੍ਰੇਤੇ ਜੁਗ ਵਿਚ ਤੂੰ ਰਘੂ ਕੁਲ ਵਿਚ ਆ ਕੇ 'ਰਾਮ' ਕਹਾਇਆ।'

ਇਹ, ਚੌਥੇ ਸਵਈਏ ਵਿਚ ਅਸੀਂ ਪੜ੍ਹ ਆਏ ਹਾਂ ਕਿ ਇਸੇ ਗੁਰ-ਜੋਤਿ ਦਾ ਜੱਸ, ਜਮਦਗਨ ਦੇ ਪੁਤਰ ਪਰਸਰਾਮ ਨੇ ਵੀ ਗਾਇਆ ਹੈ ਜਿਸ ਦਾ ਕੁਹਾੜਾ ਅਤੇ ਪਰਸਰਾਮ ਦਾ ਤੇਜ, ਭਾਵ, ਤਾਕਤ, ਰਘੂ, ਭਾਵ, ਰਘੂ-ਕੁਲ ਸ਼੍ਰੋਮਣੀ ਸ੍ਰੀ ਰਾਮ ਚੰਦਰ ਜੀ ਨੇ, ਉਸ ਦੇ ਹੰਕਾਰ ਕਰਨ ਕਰਕੇ ਖੋਹ ਲਏ ਸਨ - 'ਗਾਵੈ

ਜਮਦਗਨਿ ਪਰਸਰਾਮੇਸੁਰ ਕਰ ਕੁਠਾਰੁ ਰਘੁ ਤੇਜੁ ਹਰਿਓ॥' ਭਾਈ ਗੁਰਦਾਸ ਜੀ ਦੇ ਵੀ ਬਚਨ ਹਨ ਕਿ ਦੀਨਾਂ ਤੇ ਦਇਆ ਅਤੇ ਹੰਕਾਰ ਦਾ ਨਾਸ ਕਰਣ ਵਾਲੇ, ਸ੍ਰੀ ਰਾਮ ਚੰਦਰ ਜੀ ਨੇ ਪਰਸਰਾਮ ਦਾ ਬਲ ਖੋਹ ਲਿਆ - 'ਪਰਸਰਾਮੁ ਦਾ ਬਲੁ ਹਰੈ ਦੀਨ ਦਇਆਲੁ ਗਰਬ ਪਰਹਾਰੀ॥', ਵਾਰ ੩੧:੨੦.

ਗੁਰਬਾਣੀ ਨੇ ਇਸੇ ਗੁਰ-ਜੋਤਿ ਦੇ ਕਲਜੁਗ ਵਿਚ ਆਏ ਚੌਥੇ ਸਰੂਪ ਨੂੰ ਸੰਬੋਧਨ ਕਰਦਿਆਂ ਕਿਹਾ ਹੈ ਕਿ ਤੂੰ ਹੀ ਰਘੂ-ਕੁਲ ਵਿਚ ਦਸ਼ਰਥ ਰਾਜੇ ਦੇ ਘਰ, ਸ਼੍ਰੋਮਣੀ ਅਤੇ ਸੁੰਦਰ ਰਾਜਕੁਮਾਰ ਦੇ ਰੂਪ ਵਿਚ (ਰਾਮ) ਪ੍ਰਗਟ ਹੋਇਆ ਸੀ, ਜਿਨ੍ਹਾਂ ਦੇ ਚਰਣਾਂ ਦੀ ਸ਼ਰਣ, ਮੁਨੀ ਜਨ ਭਾਵ ਸਾਰੇ ਭਗਤ ਲੋਚਦੇ ਹਨ - 'ਰਘੁਬੰਸਿ ਤਿਲਕੁ ਸੁੰਦਰੁ ਦਸਰਥ ਘਰਿ ਮੁਨਿ ਬੰਛਹਿ ਜਾ ਕੀ ਸਰਣੰ ॥' ਸ੍ਰੀ ਗੁਰੂ ਨਾਨਕ ਸਾਹਿਬ, ਪੰਨਾ ੯੪੨ ਤੇ, ਫ਼ੁਰਮਾਣ ਕਰਦੇ ਹਨ ਕਿ ਉਸ ਗੁਰਮੁਖਿ ਰਾਮ ਚੰਦਰ ਜੀ ਨੇ ਸਮੁੰਦਰ ਤੇ ਪਥਰ ਵੀ ਤਾਰ ਦਿਤੇ, ਉਸੇ ਗੁਰਮੁਖਿ ਨੇ ਤੇਤੀ ਕਰੋੜਾਂ ਦਾ ਉਧਾਰ ਕੀਤਾ - 'ਗੁਰਮੁਖਿ ਸਾਇਰਿ ਪਾਹਣ ਤਾਰੇ॥ ਗੁਰਮੁਖਿ ਕੋਟਿ ਤੇਤੀਸ ਉਧਾਰੇ॥'

## ਦੁਆਪਰਿ ਕ੍ਰਿਸਨ ਮੁਰਾਰਿ ਕੰਸਿ ਕ੍ਰਿਤਾਰਥੁ ਕੀਓ॥

-- 'ਹੇ ਗੁਰੂ ਨਾਨਕ ! ਦੁਆਪਰ ਜੁਗ ਵਿਚ ਤੂੰ ਕ੍ਰਿਸ਼ਨ ਬਣ ਕੇ ਆਇਆ, ਮੁਰ ਰਾਖਸ਼ ਨੂੰ ਸੋਧਾ ਲਾ ਕੇ ਮੁਰਾਰੀ ਅਖਵਾਇਆ, ਕੰਸ ਨੂੰ ਮਾਰ ਕੇ ਉਸ ਦਾ **ਉਧਾਰ** ਕੀਤਾ।'

ਸ੍ਰੀ ਗੁਰੂ ਨਾਨਕ ਸਾਹਿਬ ਨੇ ਬਚਨ ਕੀਤੇ ਹਨ ਕਿ ਕੰਸ, ਕੇਸੀ ਅਤੇ ਚਾਂਡੂਰ ਵਰਗੇ ਕੋਈ ਹੋਰ ਸੂਰਮੇ ਨਹੀਂ ਸਨ ਪਰ ਪ੍ਰਭੂ ਰੂਪ ਸ੍ਰੀ ਕ੍ਰਿਸ਼ਨ ਜੀ ਨੂੰ ਨਾ ਪਛਾਣਨ ਕਰ ਕੇ ਆਪਣੀ ਪਤ ਗੁਆ ਬੈਠੇ, ਇਹ ਨ ਸਮਝਿਓ ਨੇ ਕਿ ਉਸ ਜਗਦੀਸ ਨਾਲ ਲੜ ਰਹੇ ਹਨ ਜਿਸ ਤੋਂ ਬਿਨਾਂ ਹੋਰ ਕੋਈ ਰਾਖਾ ਨਹੀਂ - 'ਕੰਸੁ ਕੇਸੁ ਚਾਂਡੂਰੁ ਨ ਕੋਈ॥ ਰਾਮੁ ਨ ਚੀਨਿਆ ਅਪਨੀ ਪਤਿ ਖੋਈ॥ ਬਿਨੁ ਜਗਦੀਸ ਨ ਰਾਖੈ ਕੋਈ॥', ਪੰਨਾ ੨੨੫. ਭਗਤ ਨਾਮਦੇਵ ਜੀ ਵੀ ਸਪੱਸ਼ਟ ਕਰਦੇ ਹਨ ਕਿ ਕੇਸੀ ਅਤੇ ਕੰਸ ਦਾ ਜਿਸ ਨੇ, ਬੁਰੀ ਤਰ੍ਹਾਂ ਨਾਸ ਕੀਤਾ ਅਤੇ ਕਾਲੀ ਨਾਗ ਨੂੰ ਜੀਅ ਦਾਨ ਦਿਤਾ, ਨਾਮਦੇਵ ਅਜਿਹੇ ਹਰੀ ਨੂੰ ਨਮਸਕਾਰ ਕਰਦਾ ਹੈ, ਜਿਸ ਦੇ ਜਪਣ ਨਾਲ ਸਾਰੇ ਭੈ ਅਤੇ ਮੁਸੀਬਤਾਂ ਟਲ ਜਾਂਦੀਆਂ ਹਨ -

'ਕੇਸੀ ਕੰਸ ਮਥਨੁ ਜਿਨਿ ਕੀਆ।। ਜੀਅ ਦਾਨੁ ਕਾਲੀ ਕਉ ਦੀਆ।। ਪ੍ਰਣਵੈ ਨਾਮਾ ਐਸੋ ਹਰੀ।। ਜਾਸੁ ਜਪਤ ਭੈ ਅਪਦਾ ਟਰੀ।।', ਪੰਨਾ ੮੭੪.

ਸ੍ਰੀ ਗੁਰੂ ਅਰਜਨ ਸਾਹਿਬ ਨੇ ਸ੍ਰੀ ਕ੍ਰਿਸ਼ਨ ਜੀ ਨੂੰ 'ਗੁਰਮੁਖਿ' ਕਿਹਾ ਹੈ ਅਤੇ ਭਾਈ ਗੁਰਦਾਸ ਜੀ ਨੇ, ਸ੍ਰੀ ਗੁਰੂ ਨਾਨਕ ਸਾਹਿਬ ਨੂੰ 'ਗੁਰਮੁਖਿ' ਕਿਹਾ ਹੈ - 'ਗੁਰਮੁਖਿ ਮਧੁਸੂਦਨੁ ਨਿਸਤਾਰੇ।। ਗੁਰਮੁਖਿ ਸੰਗੀ ਕ੍ਰਿਸਨ ਮੁਰਾਰੇ।।', ਪੰਨਾ ੯੮. ਅਤੇ 'ਗੁਰਮੁਖਿ ਕਲਿ ਵਿਚ ਪਰਗਟੁ ਹੋਆ।।', ਵਾਰ ੧:੨੭.

## ਉਗ੍ਰਸੈਣ ਕਉ ਰਾਜੁ ਅਭੈ ਭਗਤਹ ਜਨ ਦੀਓ।।

-- 'ਹੇ ਗੁਰੂ ਨਾਨਕ ! ਤੂੰ ਹੀ ਉਦੋਂ, ਤਖ਼ਤ ਦੇ ਅਸਲੀ ਹਕਦਾਰ, ਉਗ੍ਰਸੈਣ ਨੂੰ ਮਥੁਰਾ ਦਾ ਰਾਜਾ ਬਣਾਇਆ ਅਤੇ ਆਪਣੇ ਭਗਤਾਂ ਨੂੰ ਅਭੈ ਦਾਨ ਦਿਤਾ।'

ਭਗਤ ਨਾਮਦੇਵ ਜੀ, ਗਉੜੀ ਚੇਤੀ ਦੇ ਇਕੋ ਸ਼ਬਦ ਵਿਚ, ਗਨਿਕਾ, ਕੁਬਿਜਾ, ਬਧਿਕ, ਦਾਸੀ ਪੁਤਰ ਬਿਦਰ, ਸੁਦਾਮਾ ਅਤੇ ਉਗ੍ਰਸੈਨ ਦੇ ਨਾਂ ਲੈਂਦੇ ਹਨ ਅਤੇ ਫ਼ੁਰਮਾਣ ਕਰਦੇ ਹਨ ਕਿ ਨਾਮਦੇਵ ਦੇ ਸੁਆਮੀ ਸ੍ਰੀ ਕ੍ਰਿਸ਼ਨ ਜੀ ਨੇ ਕਿਰਪਾ ਕਰ ਕੇ, ਬਿਨਾਂ ਭਗਤੀ, ਕੁਲ ਆਦਿ ਨੂੰ ਵੇਖੇ, ਇਨ੍ਹਾਂ ਸਭ ਨੂੰ ਤਾਰ ਦਿਤਾ ਅਤੇ ਉਗ੍ਰਸੈਣ ਨੂੰ ਰਾਜ ਵੀ ਦਿਤਾ- '...ਦਾਸੀ ਸੁਤ ਜਨੁ ਬਿਦਰੁ ਸੁਦਾਮਾ ਉਗ੍ਰਸੈਨ ਕਉ ਰਾਜ ਦੀਏ।। ਜਪ ਹੀਨ ਤਪ ਹੀਨ ਕੁਲ ਹੀਨ ਨਾਮੇ ਕੇ ਸੁਆਮੀ ਤੇਊ ਤਰੇ।।', ਪੰਨਾ ੩੪੫.

## ਕਲਿਜੁਗਿ ਪ੍ਰਮਾਣੁ ਨਾਨਕ ਗੁਰੁ ਅੰਗਦੁ ਅਮਰੁ ਕਹਾਇਓ।।

-- 'ਇਹ ਗਲ ਪ੍ਰਮਾਣਿਕ ਹੈ ਕਿ ਤੂੰ ਹੀ ਕਲਜੁਗ ਵਿਚ ਗੁਰੂ ਨਾਨਕ, ਗੁਰੂ ਅੰਗਦ, ਗੁਰੂ ਅਮਰਦਾਸ ਆਦਿ ਅਖਵਾਇਆ।'

ਇਹ, ਗੁਰ-ਜੋਤਿ ਦੇ ਲਗਾਤਾਰਤਾ ਦਾ ਪ੍ਰਮਾਣ ਹੈ ਜੋ ਜੁਗਾਂ ਜੁਗਾਂ ਤੋਂ ਚਲਦੀ ਆ ਰਹੀ ਹੈ ਅਤੇ ਚਲਦੀ ਰਹੇਗੀ, ਜਿਹਾ ਕਿ ਗੁਰਬਾਣੀ ਅਤੇ ਭਾਈ ਗੁਰਦਾਸ ਜੀ ਦੇ ਵਾਰ ਵਾਰ ਬਚਨ ਆਏ ਹਨ। ਰੂਪ ਵਟਦੇ ਰਹੇ ਹਨ। ਕੰਮ ਕਰਣ ਦੇ ਢੰਗ ਬਦਲਦੇ ਰਹੇ ਹਨ, ਕੰਮ ਇਕੋ ਰਿਹਾ ਹੈ, ਧਰਮ ਦੀ ਸਥਾਪਨਾ ਅਤੇ ਹਰ ਹਾਲ ਵਿਚ ਆਪਣੇ ਭਗਤਾਂ ਦੀ ਰਖਿਆ ਅਤੇ ਉਨ੍ਹਾਂ ਦਾ ਉਧਾਰ ; ਭਗਤਾਂ ਦੀ ਰਖਿਆ ਲਈ, ਦੁਸ਼ਟਾਂ ਦਾ ਨਾਸ। ਅਗੋਂ ਵੀ ਅਜਿਹਾ ਹੀ ਹੁੰਦਾ ਰਹੇਗਾ।

ਭਗਵਦ ਗੀਤਾ ਦੇ ਵੀ ਅਜਿਹੇ ਹੀ ਬਚਨ ਹਨ।

**ਸ੍ਰੀ ਗੁਰੂ ਰਾਜੁ ਅਬਿਚਲੁ ਅਟਲੁ ਆਦਿ ਪੁਰਖਿ ਫੁਰਮਾਇਓ।।੭।।**

-- ਆਦਿ ਪੁਰਖ, ਭਾਵ, ਅਕਾਲ ਪੁਰਖ ਜੀ ਦਾ ਫੁਰਮਾਣ ਹੈ ਕਿ ਉਪਰ ਵਰਣਤ ਗੁਰ-ਜੋਤਿ ਦਾ ਹੀ ਰਾਜ ਹਰ ਜੁਗ ਵਿਚ ਸਦਾ ਥਿਰ ਰਹਿਣ ਵਾਲਾ ਅਤੇ ਅਟਲ ਹੈ ਅਤੇ ਹਮੇਸ਼ਾਂ ਰਹੇਗਾ। ਭਾਵ ਇਹ ਗੁਰਜੋਤਿ ਹਮੇਸ਼ਾਂ ਵਖ ਵਖ ਨਾਉਂ ਰਖਾ ਕੇ ਆਉਂਦੀ ਰਹੀ ਹੈ, ਇਸੇ ਦਾ ਹੀ ਰਾਜ ਰਿਹਾ ਹੈ ਅਤੇ ਅਗੋਂ ਵੀ ਆਉਂਦੀ ਰਹੇਗੀ ਅਤੇ ਇਹ ਰਾਜ ਸਦਾ ਹੀ ਕਾਇਮ ਰਹੇਗਾ।੭।

ਸ੍ਰੀ ਗੁਰੂ ਰਾਮਦਾਸ ਸਾਹਿਬ ਨੇ, ਪੰਨਾ ੭੯ ਤੇ ਇਸੇ ਤਰ੍ਹਾਂ ਦਾ ਫੁਰਮਾਣ ਕੀਤਾ ਹੈ ਕਿ ਗੁਰੂ ਦੀ ਪੀੜ੍ਹੀ ਜੁਗ ਜੁਗ ਸਦਾ ਚਲਦੀ ਹੀ ਰਹਿੰਦੀ ਹੈ - 'ਹਰਿ ਜੁਗਹ ਜੁਗੋ ਜੁਗ ਜੁਗਹ ਜੁਗੋ ਸਦ ਪੀੜੀ ਗੁਰੂ ਚਲੰਦੀ।।'

ਭਾਈ ਗੁਰਦਾਸ ਜੀ ਜੀ ਨੇ ਗੁਰੂ ਸਾਹਿਬਾਨ ਦੇ ਜੁਗ ਜੁਗ ਵਿਚ ਅਵਤਾਰ ਧਾਰਣ ਦੀ ਗਲ ਕਰ ਕੇ ਇਹੀ ਇਸ਼ਾਰਾ ਕੀਤਾ ਹੈ - 'ਜੁਗਿ ਜੁਗਿ ਸਤਿਗੁਰ ਧਰੇ ਅਵਤਾਰੀ।।', ਵਾਰ ੧:੪੮. ਸ੍ਰੀ ਗੁਰੂ ਰਾਮਦਾਸ ਸਾਹਿਬ ਅਤੇ ਭਾਈ ਗੁਰਦਾਸ ਜੀ ਦੇ ਇਹ ਬਚਨ, ਗੁਰ-ਜੋਤਿ ਦੀ ਲਗਾਤਾਰਤਾ ਦੇ ਹੀ ਪ੍ਰਮਾਣ ਹਨ। ਗੁਰਬਾਣੀ ਵਿਚ, ਹੋਰ ਵੀ ਅਜਿਹੇ ਕਈ ਫੁਰਮਾਣ ਮੌਜੂਦ ਹਨ।



9.10.2020